# ਮੁੱਖ ਬੰਦ

ਕਦੇ ਕਵਿਤਾ
ਕਦੇ ਕਹਾਣੀ
ਕਦੇ ਨਾਟਕ
ਕਦੇ ਨਿਬੰਧ
ਲਿਖਣੇ ਹੀ ਪੈਂਦੇ ਹਨ
ਜਾਂ ਲਿਖ ਹੋ ਜਾਂਦੇ ਹਨ।
ਲਿਖੇ ਸ਼ਬਦਾਂ ਦੀ
ਅਗਲੀ ਮੰਜ਼ਿਲ
ਕਾਗਜ਼ ਦੀ ਹਿੱਕ ਹੁੰਦੀ ਹੈ
ਠੱਪ ਠੱਪ ਜਾ ਡੱਕ ਡੱਕ ਕਰਕੇ
ਵਧਦੀ ਗਿਣਤੀ ਹੁੰਦੀ ਹੈ।
ਧਾਗੇ ਦੀ ਡੋਰੀ ਨਾਲ ਬਝੇ
ਕਾਗਜ਼ ਦੇ ਸਮੂਹ ਨੂੰ
ਕਿਤਾਬ ਆਖਦੇ ਹਨ

ਕਿਤਾਬ ਦਾ ਸਕੰਲਪ
ਬਣਦੇ ਹੀ ਬਣਦਾ ਹੈ
ਕਿਸੇ ਤੋਂ ਲਿਖਵਾਣ ਦਾ
ਇਰਾਦਾ ਇੱਕ ਮੁੱਖ ਬੰਦ

ਸਭ ਤੋਂ ਵੱਡੇ ਕਵੀ
ਸਭ ਤੋਂ ਵੱਡੇ ਕਹਾਣੀਕਾਰ
ਸਭ ਤੋਂ ਵੱਡੇ ਨਾਟਕਕਾਰ
ਸਭ ਤੋਂ ਵੱਡੇ ਲੇਖਕ
ਪਹਿਲੀ ਚੋਣ ਬਣਦੇ ਹਨ
ਹਰਇਕ ਦੀ
ਹਰਇਕ ਦੀ
ਹਰਇਕ ਦੀ
ਗਿਣਤੀ ਵਧਦੀ ਜਾਂਦੀ ਹੈ

لکھے شبداں دی
اگلی منزل
کاغذ دی ہِک ہُندی ہے
ٹھپ ٹھپ جا ڈک ڈک کرے
ودھدی گنتی ہُندی ہے۔
دھاگے دی ڈوری نال بجھے
کاغذ دے سموہ نوں
کتاب آکھدے ہن



ਹਰ ਇਕ ਦੀ
ਵੱਡੇ ਲੇਖਕ ਕੋਲ
ਸਮਾਂ ਘਟਦਾ ਜਾਦਾ ਹੈ।
ਤੇ ਫੇਰ ਉਹ ਆਖਦਾ ਹੈ
ਆਪੇ ਲਿਖ ਲਿਆਓ,
ਮੈਂ ਦਸਤਖਤ ਕਰ ਦੇਵਾਂਗਾ
ਜਾਂ ਅਟਕੋ ਹਾਲੇ ਹੋਰ ਦਿਨ

ਮੁੱਖ ਬੰਦ ਲਿਖਦਿਆਂ
ਰਚਨਾਤਮਿਕਤਾ ਦਾ
ਨਹੀਂ ਰੱਖਿਆ ਜਾ ਸਕਦਾ ਖਿਆਲ
ਤੇ ਸ਼ਬਦਾਂ ਦਾ ਨਾਚ ਵੀ
ਨਹੀਂ ਕਰਾਇਆ ਜਾ ਸਕਦਾ
ਵਾਰ ਵਾਰ

ਏਸੇ ਲਈ
ਹੋਇਆ ਮੈ
ਪਾਠਕਾਂ ਦੀ
ਕਚਿਹਰੀ ਲਈ
ਤਿਆਰ

**– ਜਨਮੇਜਾ ਸਿੰਘ ਜੌਹਲ**

تے فیر اوہ آکھدا ہے
آپے لکھ لیاؤ
میں دستخط کر دیوانگا
جاں اٹکو ہالے ہور دن

**- جنمیجا سنگھ جوہل**